# ਪੰਜਾਬ ਐਜੂਸੈਟ ਸੁਸਾਇਟੀ

ਐਸ.ਸੀ.ਓ. 104-106, ਦੂਜੀ ਮੰਜ਼ਿਲ, ਸੈਕਟਰ 34 ਏ, ਚੰਡੀਗੜ੍ਹ।
ਫੋਨ ਨੰ. 0172- 2623207, 2621104, 2621106, ਫੈਕਸ: 2624687

ਵੱਲ,

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।
2. ਸਮੂਹ ਸਕੂਲ ਮੁੱਖੀ (ਵੈਬਸਾਈਟ ਰਾਹੀਂ)।

ਮੀਮੋ ਨੰ: 24/62/2008/ਪੀ.ਈ.ਐਸ/ਸਾਫਟ ਸਕਿਲ/3611
ਮਿਤੀ ..7.. 01.2013.

**ਵਿਸ਼ਾ: 11ਵੀਂ ਅਤੇ 12ਵੀਂ ਜਮਾਤ ਦੇ ਅੰਗਰੇਜੀ ਵਿਸ਼ੇ ਦੇ ਅਧਿਆਪਕਾਂ ਦੀ ਐਜੂਸੈਟ ਰਾਹੀਂ ਸਾਫਟ ਸਕਿਲ ਡਿਵੈਲਪਮੈਂਟ ਪ੍ਰੋਗਰਾਮ ਸਬੰਧੀ ਟ੍ਰੇਨਿੰਗ ਅਤੇ ਪ੍ਰੋਗਰਾਮ ਨੂੰ ਲਾਗੂ ਕਰਨ ਸਬੰਧੀ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਅਗਲੇ ਵਿਦਿਅਕ ਵਰ੍ਹੇ ਤੋਂ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਸਾਫਟ ਸਕਿਲ ਡਿਵੈਲਪਮੈਂਟ ਪ੍ਰੋਗਰਾਮ ਸ਼ੁਰੂ ਕੀਤਾ ਜਾਣਾ ਹੈ ਜਿਸ ਦੀ ਤਿਆਰੀ ਸਬੰਧੀ ਸਰਵਿਸ ਪ੍ਰੋਵਾਈਡਰ ਦੁਆਰਾ ਐਜੂਸੈਟ ਰਾਹੀਂ 11ਵੀਂ ਅਤੇ 12ਵੀਂ ਜਮਾਤ ਦੇ ਅੰਗਰੇਜੀ ਲੈਕਚਰਰਾਂ / ਵਿਸ਼ਾ ਅਧਿਆਪਕਾਂ ਦੀ ਟ੍ਰੇਨਿੰਗ ਮਿਤੀ 21.02.2013 ਤੋਂ 28.02.2013 ਤੱਕ ਕਰਵਾਈ ਜਾਵੇਗੀ ਅਤੇ ਬਾਅਦ ਵਿੱਚ ਇਨ੍ਹਾਂ ਹੀ ਅਧਿਆਪਕਾਂ ਦਾ ਦੋ ਦਿਨਾਂ ਦਾ ਰੀਫਰੇਸ਼ਰ ਕੋਰਸ ਅਪ੍ਰੈਲ ਦੇ ਦੂਜੇ ਹਫਤੇ ਮਿਤੀ 09.04.2013 ਤੋਂ 10.04.2013 ਤੱਕ ਐਜੂਸੈਟ ਰਾਹੀਂ ਕੀਤਾ ਜਾਵੇਗਾ। ਸੀਨੀਅਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ ਕ੍ਰਿਪਾ ਕਰਕੇ ਆਪਣੇ ਸਕੂਲ ਦੇ ਇਨ੍ਹਾਂ ਕਲਾਸਾਂ ਨੂੰ ਅੰਗਰੇਜੀ ਪੜ੍ਹਾਉਣ ਵਾਲੇ ਲੈਕਚਰਾਰ / ਵਿਸ਼ਾ ਅਧਿਆਪਕ ਨੂੰ ਆਪਣੇ ਸਕੂਲ ਦੇ ਐਜੂਸੈਟ ਰੂਮ ਵਿੱਚ ਇਹ ਟ੍ਰੇਨਿੰਗ ਪ੍ਰੋਗਰਾਮ ਅਟੈਂਡ ਕਰਨ ਲਈ ਹਦਾਇਤ ਕਰਨ ਅਤੇ ਨਾਲ ਹੀ ਉਹਨਾਂ ਨੂੰ ਇਸ ਪ੍ਰੋਗਰਾਮ ਸਬੰਧੀ ਹੇਠ ਲਿਖੀ ਜਾਣਕਾਰੀ ਵੀ ਮੁਹੱਈਆ ਕਰਵਾ ਕੇ ਇਸ ਸਬੰਧੀ ਕੀਤੀ ਜਾਣ ਵਾਲੀ ਮੁਕੰਮਲ ਕਾਰਵਾਈ ਨੂੰ ਸਿਰੇ ਚੜ੍ਹਾਉਣਾ ਯਕੀਨੀ ਬਣਾਉਣ।

1. ਐਜੂਸੈਟ ਰਾਹੀਂ ਅੰਗਰੇਜੀ ਵਿਸ਼ੇ ਦੇ 11ਵੀਂ 12ਵੀਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਦੀ ਸਾਫਟ ਸਕਿਲ ਡਿਵੈਲਪਮੈਂਟ ਪ੍ਰੋਗਰਾਮ ਸਬੰਧੀ ਟ੍ਰੇਨਿੰਗ। ਜਿਸ ਵਿੱਚ ਪ੍ਰੋਗਰਾਮ ਦੀ ਮੁਕੰਮਲ ਜਾਣਕਾਰੀ ਦਿੱਤੀ ਜਾਵੇਗੀ।
   ਮਿਤੀ: 21.02.2013 ਤੋਂ 28.02.2013 ਤੱਕ, ਸਵੇਰੇ 09:00 ਵਜੇ ਤੋਂ ਬਾਅਦ ਦੁਪਿਹਰ 01:00 ਵਜੇ ਤੱਕ।
2. ਅਧਿਆਪਕਾਂ ਲਈ ਟ੍ਰੇਨਿੰਗ ਮੈਨੂਅਲ: ਸਰਵਿਸ ਪ੍ਰੋਵਾਈਡਰ ਵੱਲੋਂ ਤਿਆਰ ਕੀਤਾ ਟ੍ਰੇਨਿੰਗ ਮੈਨੂਅਲ ਐਸ.ਐਸ.ਏ ਦੀ ਵੈਬਸਾਈਟ www.ssapunjab.org ਤੇ ਉਪਲਬਧ ਕਰਾਇਆ ਜਾਵੇਗਾ, ਜਿਸ ਨੂੰ ਸਬੰਧਤ ਅਧਿਆਪਕ ਡਾਊਨਲੋਡ ਕਰਕੇ ਉਸਦਾ ਪ੍ਰਿੰਟ ਆਪਣੇ ਕੋਲ ਰੱਖੇਗਾ।
3. 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਵਰਕਬੁੱਕ ਉਪਲਬਧ ਕਰਵਾਈ ਜਾਵੇਗੀ, ਜਿਸ ਦੇ ਅਨੁਸਾਰ ਉਹ ਵਿਸ਼ਾ ਅਧਿਆਪਕ ਦੀ ਨਿਗਰਾਨੀ ਹੇਠ ਸਕੂਲ ਦੇ ਐਜੂਸੈਟ ਰੂਮ ਵਿੱਚ ਸ਼ਡਿਊਲ ਅਨੁਸਾਰ ਅਪ੍ਰੈਲ 2013 ਤੋਂ ਸਾਫਟ ਸਕਿਲ ਡਿਵੈਲਪਮੈਂਟ ਦੇ ਪ੍ਰੋਗਰਾਮ ਅਗਲੇ ਵਿਦਿਅਕ ਵਰ੍ਹੇ ਤੋਂ ਅਟੈਂਡ ਕਰਨਗੇ।
4. ਸਰਵਿਸ ਪ੍ਰੋਵਾਈਡਰ ਵੱਲੋਂ ਇਸ ਸਬੰਧੀ ਤਿਆਰ ਕੀਤਾ ਸੈਲਫ ਕੁਰੈਕਟਿੰਗ ਸਾਫਟਵੇਅਰ ਸਕੂਲ ਵਿੱਚ ਐਜੂਸੈਟ / ਆਈ.ਸੀ.ਟੀ ਲੈਬਜ਼ ਵਿੱਚ ਉਪਲਬਧ ਕੰਪਿਊਟਰਾਂ ਤੇ ਡਾਊਨਲੋਡ ਕੀਤਾ ਜਾਵੇਗਾ ਜਿਸ ਨੂੰ ਅਧਿਆਪਕ ਅਤੇ ਵਿਦਿਆਰਥੀ ਵਰਤ ਸਕਣਗੇ।
5. ਵਿਸ਼ਾ ਅਧਿਆਪਕਾਂ ਅਤੇ ਸਕੂਲ ਮੁੱਖੀ ਰਾਹੀਂ ਵਿਦਿਆਰਥੀ, ਪ੍ਰੋਗਰਾਮ ਮੁਕੰਮਲ ਹੋਣ ਉਪਰੰਤ ਅਤੇ 12ਵੀਂ ਜਮਾਤ ਪਾਸ ਕਰਨ ਉਪਰੰਤ ਮੈਸਰਜ਼ ਵਿਜ਼ਨ ਅਨਲਿਮੀਟਡ, ਐਸ.ਸੀ.ਓ. 371-72-73, ਟਾਪ ਫਲੋਰ, ਸੈਕਟਰ 34-ਏ, ਚੰਡੀਗੜ੍ਹ ਨਾਲ ਰਾਬਤਾ-ਕਾਇਮ ਕਰਕੇ ਆਨਲਾਈਨ ਇੰਟਰਵਿਊ ਦੁਆਰਾ ਪਲੇਸਮੈਂਟ ਸਬੰਧੀ ਕਾਰਵਾਈ ਕਰਨਗੇ।

ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

**ਪਿੱਠਅੰਕਣ ਨੰ:** 24/62/2008/ਪੀ.ਈ.ਐਸ/ਸਾਫਟ ਸਕਿਲ/3612
ਮਿਤੀ: ..7..01.2013

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਅਤੇ ਤੁਰੰਤ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

1. ਮੈਸਰਜ਼ ਵਿਜ਼ਨ ਅਨਲਿਮੀਟਡ, ਨੂੰ ਟ੍ਰੇਨਿੰਗ ਮੈਨੂਅਲ, ਵਿਦਿਆਰਥੀਆਂ ਲਈ ਵਰਕਬੁੱਕ ਅਤੇ ਸੈਲਫ ਕੁਰੈਕਟਿੰਗ ਸਾਫਟਵੇਅਰ ਐਗਰੀਮੈਂਟ ਅਨੁਸਾਰ ਉਪਲਬਧ ਕਰਵਾਉਣ ਲਈ ਅਤੇ ਉਪਰੋਕਤ ਮਿਤੀਆਂ ਲਈ ਟ੍ਰੇਨਿੰਗ ਸ਼ਡਿਊਲ ਭੇਜਣ ਲਈ।
2. ਡਿਪਟੀ ਐਸ.ਪੀ.ਡੀ.(ਆਰ.ਐਮ.ਐਸ.ਏ) ਨੂੰ ਏ.ਐਸ.ਪੀ.ਡੀ.(ਟੀ.ਟੀ) ਦੁਆਰਾ ਉਪਰੋਕਤ ਟ੍ਰੇਨਿੰਗ ਸਬੰਧੀ ਹਦਾਇਤਾਂ ਜਾਰੀ ਕਰਨ ਲਈ ਤਾਂ ਜੋ ਸਾਰੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਇਸ ਪ੍ਰੋਗਰਾਮ ਦਾ ਲਾਭ ਉਠਾ ਸਕਣ।
3. ਜਿਲ੍ਹਾ ਐਜੂਸੈਟ ਕੋਆਰਡੀਨੇਟਰ ਉਪਰੋਕਤ ਮਿਤੀਆਂ ਨੂੰ ਚਾਲੂ ਐਸ.ਆਈ.ਟੀ/ਆਰ.ਓ.ਟੀ ਤੇ ਐਜੂਸੈਟ ਰਾਹੀਂ ਟ੍ਰੇਨਿੰਗ ਕਰਵਾਉਣ ਦਾ ਪ੍ਰਬੰਧ ਕਰਨਗੇ।
4. ਵਿਸ਼ਾ ਮਾਹਿਰ, ਸ੍ਰੀਮਤੀ ਮਨਜੀਤ ਕੌਰ ਅਤੇ ਸ੍ਰੀਮਤੀ ਬਿੰਦੂ ਗੁਲਾਟੀ।
5. ਸਟੂਡਿਓ ਇੰਜੀਨੀਅਰ ਅਤੇ ਤਕਨੀਕੀ ਸਟਾਫ।
6. ਡੀ.ਐਮ.(ਐਮ.ਆਈ.ਐਸ) ਨੂੰ ਪੱਤਰ ਵੈਬਸਾਈਟ ਤੇ ਉਪਲਬਧ ਕਰਵਾਉਣ ਲਈ ਅਤੇ 10ਵੀਂ ਅਤੇ 11ਵੀਂ ਦੇ ਵਿਦਿਆਰਥੀਆਂ ਦੀ ਇਸ ਵਰ੍ਹੇ ਦੀ ਗਿਣਤੀ ਉਪਲਬਧ ਕਰਾਉਣ ਲਈ ਜਿਸ ਨਾਲ 2013-14 ਲਈ 11ਵੀਂ ਅਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਦੀ ਸੰਭਾਵੀਂ ਗਿਣਤੀ ਦਾ ਪਤਾ ਲਗ ਜਾਵੇ।

ਸਕੱਤਰ-ਕਮ-ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ